ਮਿੱਠੇ ਬੱਚੇ:- "ਮਿੱਠੇ ਬੱਚੇ :- ਭਾਰਤਵਾਸੀਆਂ ਨੂੰ ਸਿੱਧ ਕਰਕੇ ਦੱਸੋ ਕਿ ਸ਼ਿਵਜਯੰਤੀ ਹੀ ਗੀਤਾ ਜਯੰਤੀ ਹੈ, ਗੀਤਾ ਨਾਲ ਫਿਰ ਹੁੰਦੀ ਹੈ ਸ਼੍ਰੀਕ੍ਰਿਸ਼ਨ ਜਯੰਤੀ"

ਪ੍ਰਸ਼ਨ:- ਕਿਸੇ ਵੀ ਧਰਮ ਦੀ ਸਥਾਪਨਾ ਦਾ ਮੁੱਖ ਆਧਾਰ ਕੀ ਹੈ? ਧਰਮ ਸਥਾਪਕ ਕਿਹੜਾ ਕੰਮ ਨਹੀਂ ਕਰਦੇ ਜੋ ਬਾਪ ਕਰਦੇ ਹਨ।

ਉੱਤਰ:- ਕਿਸੇ ਵੀ ਧਰਮ ਦੀ ਸਥਾਪਨਾ ਦੇ ਲਈ ਪਵਿੱਤਰਤਾ ਦਾ ਬਲ ਚਾਹੀਦਾ ਹੈ। ਸਾਰੇ ਧਰਮ ਪਵਿੱਤਰਤਾ ਦੇ ਬਲ ਨਾਲ ਸਥਾਪਨ ਹੋਏ। ਲੇਕਿਨ ਕੋਈ ਵੀ ਧਰਮ ਸਥਾਪਕ ਕਿਸੇ ਨੂੰ ਪਾਵਨ ਨਹੀਂ ਬਣਾਉਂਦੇ ਕਿਉਂਕਿ ਜਦੋਂ ਧਰਮ ਸਥਾਪਨ ਹੁੰਦੇ ਹਨ ਉਦੋਂ ਮਾਇਆ ਦਾ ਰਾਜ ਹੈ, ਸਭ ਨੇ ਪਤਿਤ ਬਣਨਾ ਹੀ ਹੈ ਪਤਿਤਾਂ ਨੂੰ ਪਾਵਨ ਬਣਾਉਣਾ - ਬਾਪ ਦਾ ਹੀ ਕੰਮ ਹੈ ਉਹ ਹੀ ਪਾਵਨ ਬਣਨ ਦੀ ਸ਼੍ਰੀਮਤ ਦਿੰਦੇ ਹਨ।

ਗੀਤ:- ਇਸ ਪਾਪ ਦੀ ਦੁਨੀਆ ਸੇ...

ਓਮ ਸ਼ਾਂਤੀ। ਹੁਣ ਬੱਚਿਆਂ ਨੇ ਸਮਝ ਲਿਆ ਹੈ ਕਿ ਪਾਪ ਦੀ ਦੁਨੀਆਂ ਕਿਸਨੂੰ ਅਤੇ ਪੁੰਨ ਦੀ ਦੁਨੀਆਂ ਮਤਲਬ ਪਾਵਨ ਦੁਨੀਆਂ ਕਿਸ ਨੂੰ ਕਿਹਾ ਜਾਂਦਾ ਹੈ। ਅਸਲ ਵਿੱਚ ਇਹ ਪਾਪ ਦੀ ਦੁਨੀਆ ਇਹ ਭਾਰਤ ਹੀ ਹੈ। ਫਿਰ ਪੁੰਨ ਦੀ ਦੁਨੀਆਂ ਸਵਰਗ ਬਣਦਾ ਹੈ। ਭਾਰਤ ਹੀ ਬਹਿਸ਼ਤ ਸੀ, ਭਾਰਤ ਹੀ ਦੋਜ਼ਕ ਬਣਿਆ ਹੈ ਕਿਉਂਕਿ ਕਾਮ ਚਿਤਾ ਤੇ ਸੜਦੇ ਰਹਿੰਦੇ ਹਨ। ਉੱਥੇ ਕਾਮ ਚਿਤਾ ਤੇ ਕੋਈ ਸੜਦਾ ਨਹੀਂ, ਉਥੇ ਕਾਮ ਚਿਤਾ ਹੈ ਹੀ ਨਹੀਂ। ਇਵੇਂ ਵੀ ਨਹੀਂ ਕਹਾਂਗੇ ਕਿ ਸਤਿਯੁੱਗ ਵਿਚ ਕਾਮ ਚਿਤਾ ਹੈ, ਇਹ ਸਮਝਣ ਦੀਆਂ ਗੱਲਾਂ ਹਨ ਨਾ। ਪਹਿਲੇ-ਪਹਿਲੇ ਪ੍ਰਸ਼ਨ ਉੱਠਦਾ ਹੈ ਭਾਰਤ ਜੋ ਪਤਿਤ-ਦੁੱਖੀ ਹੈ ਸੋ ਉਹ ਹੀ ਭਾਰਤ ਪਾਵਨ ਸੁੱਖੀ ਸੀ ਜਰੂਰ। ਕਹਿੰਦੇ ਵੀ ਹਨ ਆਦਿ ਸਨਾਤਨ ਹਿੰਦੂ ਧਰਮ ਸੀ। ਹੁਣ ਆਦਿ ਸਨਾਤਨ ਕਿਸਨੂੰ ਕਿਹਾ ਜਾਂਦਾ ਹੈ? ਆਦਿ ਮਾਨਾ (ਅਰਥ) ਕੀ ਅਤੇ ਸਨਾਤਨ ਮਾਨਾ ਕੀ? ਆਦਿ ਮਾਨਾ ਸਤਿਯੁੱਗ। ਤਾਂ ਸਤਿਯੁੱਗ ਵਿੱਚ ਕੌਣ ਸੀ? ਇਹ ਤਾਂ ਸਭ ਨੂੰ ਪਤਾ ਹੈ ਕਿ ਲਕਸ਼ਮੀ-ਨਾਰਾਇਣ ਸਨ। ਜਰੂਰ ਉਹ ਵੀ ਕਿਸੇ ਦੀ ਸੰਤਾਨ ਹੋਣਗੇ ਜੋ ਫਿਰ ਸਤਿਯੁਗ ਦੇ ਮਾਲਿਕ ਬਣੇ। ਸਤਿਯੁਗ ਸਥਾਪਨ ਕਰਨ ਵਾਲਾ ਸੀ ਪਰਮਪਿਤਾ ਪਰਮਾਤਮਾ, ਉਨ੍ਹਾਂ ਦੀ ਸੰਤਾਨ ਸਨ। ਪਰ ਇਸ ਸਮੇਂ ਆਪਣੇ ਨੂੰ ਉਨ੍ਹਾਂ ਦੀ ਸੰਤਾਨ ਨਹੀਂ ਸਮਝਦੇ। ਜੇਕਰ ਸੰਤਾਨ ਸਮਝਦੇ ਤਾਂ ਬਾਪ ਨੂੰ ਜਾਣਦੇ, ਬਾਪ ਨੂੰ ਤਾਂ ਜਾਣਦੇ ਹੀ ਨਹੀਂ। ਹੁਣ ਹਿੰਦੂ ਧਰਮ ਤਾਂ ਗੀਤਾ ਵਿੱਚ ਹੈ ਹੀ ਨਹੀਂ। ਗੀਤਾ ਵਿੱਚ ਤਾਂ ਭਾਰਤ ਨਾਮ ਪਿਆ ਹੈ ਉਹ ਅਖਵਾਉਂਦੇ ਹਨ ਹਿੰਦੂ ਮਹਾਸਭਾ। ਹੁਣ ਸ਼੍ਰੀਮਤ ਭਗਵਤ ਗੀਤਾ ਹੈ ਸਰਵ ਸ਼ਾਸਤਰ ਸ਼ਿਰੋਮਣੀ। ਗੀਤਾ ਜਯੰਤੀ ਵੀ ਮਨਾਈ ਜਾਂਦੀ ਹੈ। ਸ਼ਿਵ ਜਯੰਤੀ ਵੀ ਮਨਾਈ ਜਾਂਦੀ ਹੈ। ਹੁਣ ਸ਼ਿਵ ਜਯੰਤੀ ਕਦੋਂ ਹੋਈ ਹੈ - ਇਹ ਵੀ ਪਤਾ ਹੋਣਾ ਚਾਹੀਦਾ ਹੈ। ਫਿਰ ਹੈ ਕ੍ਰਿਸ਼ਨ ਜਯੰਤੀ ਹੁਣ ਤੁਸੀਂ ਬੱਚੇ ਜਾਣ ਚੁੱਕੇ ਹੋ ਕਿ ਸ਼ਿਵ ਜਯੰਤੀ ਦੇ ਬਾਅਦ ਹੈ ਗੀਤਾ ਜਯੰਤੀ। ਗੀਤਾ ਜਯੰਤੀ ਦੇ ਬਾਅਦ ਹੈ ਸ਼੍ਰੀਕ੍ਰਿਸ਼ਨ ਜਯੰਤੀ। ਗੀਤਾ ਜਯੰਤੀ ਨਾਲ ਹੀ ਦੇਵੀ-ਦੇਵਤਾ ਧਰਮ ਦੀ ਸਥਾਪਨਾ ਹੁੰਦੀ ਹੈ। ਫਿਰ ਗੀਤਾ ਜਯੰਤੀ ਨਾਲ ਮਹਾਭਾਰਤ ਦਾ ਵੀ ਕੁਨੈਕਸ਼ਨ ਹੈ। ਉਸ ਵਿੱਚ ਫਿਰ ਆਉਂਦੀ ਹੈ ਯੁੱਧ ਦੀ ਗੱਲ। ਵਿਖਾਉਂਦੇ ਹਨ ਯੁੱਧ ਦੇ ਮੈਦਾਨ ਵਿੱਚ 3 ਸੈਨਾਵਾਂ ਸਨ। ਯਾਦਵ, ਕੌਰਵ ਅਤੇ ਪਾਂਡਵ ਵਿਖਾਉਂਦੇ ਹਨ। ਯਾਦਵ ਮੂਸਲ ਕੱਢਦੇ ਹਨ। ਉੱਥੇ ਸ਼ਰਾਬ ਪੀਤੀ ਅਤੇ ਮੂਸਲ ਕੱਢੇ। ਤੁਸੀਂ ਜਾਣਦੇ ਹੋ ਹੁਣ ਬਰੋਬਰ ਮੂਸਲ ਵੀ ਨਿੱਕਲ ਰਹੇ ਹਨ। ਉਹ ਵੀ ਆਪਣੇ ਕੁੱਲ ਦਾ ਵਿਨਾਸ਼ ਕਰਨ ਲਈ ਇੱਕ ਦੂਜੇ ਨੂੰ ਧਮਕੀ ਦੇ ਰਹੇ ਹਨ। ਸਭ ਕ੍ਰਿਸ਼ਚਨ ਲੋਕ ਹਨ। ਉਹ ਹੀ ਯੂਰਪਵਾਸੀ ਯਾਦਵ ਠਹਿਰੇ ਤਾਂ ਇਕ ਹੈ ਉਨ੍ਹਾਂ ਦੀ ਸਭਾ। ਉਨ੍ਹਾਂ ਦਾ ਵਿਨਾਸ਼ ਹੋਇਆ ਆਪਸ ਵਿੱਚ ਲੜ ਪਏ। ਉਸ ਵਿੱਚ ਸਾਰਾ ਯੂਰਪ ਆ ਗਿਆ। ਉਸ ਵਿੱਚ ਇਸਲਾਮੀ, ਬੋਧੀ, ਕ੍ਰਿਸ਼ਚਨ ਸਭ ਆ ਜਾਂਦੇ ਹਨ। ਇੱਥੇ ਫਿਰ ਹਨ ਕੌਰਵ ਅਤੇ ਪਾਂਡਵ। ਕੌਰਵ ਵੀ ਵਿਨਾਸ਼ ਨੂੰ ਪ੍ਰਾਪਤ ਹੋਏ ਅਤੇ ਵਿਜੈ ਪਾਂਡਵਾਂ ਦੀ ਹੋਈ। ਹੁਣ ਪ੍ਰਸ਼ਨ ਉੱਠਦਾ ਹੈ ਗੀਤਾ ਦਾ ਭਗਵਾਨ ਕੌਣ, ਜਿਸਨੇ ਸਹਿਜ਼ ਯੋਗ ਅਤੇ ਸਹਿਜ਼ ਗਿਆਨ ਸਿਖਾ ਕੇ ਰਾਜਿਆਂ ਦਾ ਰਾਜਾ ਬਣਾਇਆ ਮਤਲਬ ਪਾਵਨ ਦੁਨੀਆ ਸਥਾਪਨ ਕੀਤੀ? ਕੀ ਸ਼੍ਰੀਕ੍ਰਿਸ਼ਨ ਆਇਆ? ਕੌਰਵ ਤਾਂ ਕਲਯੁੱਗ ਵਿੱਚ ਸਨ। ਕੌਰਵ ਪਾਂਡਵਾਂ ਦੇ ਸਮੇ ਸ਼੍ਰੀਕ੍ਰਿਸ਼ਨ ਕਿਵੇਂ ਆ ਸਕਦਾ? ਸ਼੍ਰੀਕ੍ਰਿਸ਼ਨ ਜਯੰਤੀ ਮਨਾਉਂਦੇ ਹਨ, ਸਤਿਯੁੱਗ ਆਦਿ ਵਿੱਚ 16 ਕਲਾ। ਸ਼੍ਰੀਕ੍ਰਿਸ਼ਨ ਦੇ ਬਾਅਦ ਫਿਰ ਤ੍ਰੇਤਾ ਵਿੱਚ 14 ਕਲਾ ਰਾਮ ਦੀਆਂ। ਕ੍ਰਿਸ਼ਨ ਹੈ ਰਾਜਿਆਂ ਦਾ ਰਾਜਾ ਮਤਲਬ ਪ੍ਰਿੰਸਾਂ ਦਾ ਪ੍ਰਿੰਸ। ਵਿਕਾਰੀ ਪ੍ਰਿੰਸ ਲੋਕ ਵੀ ਸ਼੍ਰੀਕ੍ਰਿਸ਼ਨ ਨੂੰ ਪੂਜਦੇ ਹਨ ਕਿਉਂਕਿ ਜਾਣਦੇ ਹਨ ਕਿ ਉਹ ਸਤਿਯੁੱਗ ਦਾ 16 ਕਲਾਂ ਸੰਪੂਰਨ ਪ੍ਰਿੰਸ ਸੀ, ਅਸੀਂ ਵਿਕਾਰੀ ਹਾਂ। ਜਰੂਰ ਪ੍ਰਿੰਸ ਲੋਕ ਵੀ ਇਵੇਂ ਕਹਿਣਗੇ ਨਾ। ਹੁਣ ਫਿਰ ਸ਼ਿਵ ਜਯੰਤੀ ਵੀ ਹੈ, ਮੰਦਿਰ ਵੀ ਵੱਡੇ ਤੋਂ ਵੱਡਾ ਉਨ੍ਹਾਂ ਦਾ ਹੀ ਬਣਿਆ ਹੋਇਆ ਹੈ। ਉਹ ਹੈ ਨਿਰਾਕਾਰ ਸ਼ਿਵ ਦਾ ਮੰਦਿਰ। ਉਨ੍ਹਾਂ ਨੂੰ ਹੀ ਪਰਮਪਿਤਾ ਪਰਮਾਤਮਾ ਕਹਾਂਗੇ। ਬ੍ਰਹਮਾ, ਵਿਸ਼ਨੂੰ, ਸ਼ੰਕਰ ਵੀ ਦੇਵਤਾ ਹੀ ਠਹਿਰੇ।

ਸ਼ਿਵ ਜਯੰਤੀ ਭਾਰਤ ਵਿੱਚ ਹੀ ਮਨਾਈ ਜਾਂਦੀ ਹੈ। ਹੁਣ ਦੇਖੋ ਸ਼ਿਵ ਜਯੰਤੀ ਆਉਣ ਵਾਲੀ ਹੈ। ਸਿੱਧ ਕਰ ਸਮਝਾਉਣਾ ਹੈ ਸ਼ਿਵ ਨੂੰ ਹੀ ਕਿਹਾ ਜਾਂਦਾ ਹੈ ਗਿਆਨ ਦਾ ਸਾਗਰ ਮਤਲਬ ਸ੍ਰਿਸ਼ਟੀ ਨੂੰ ਪਾਵਨ ਕਰਨ ਵਾਲਾ ਪਰਮਪਿਤਾ ਪਰਮਾਤਮਾ। ਗਾਂਧੀ ਵੀ ਗਾਉਂਦੇ ਸਨ, ਸ਼੍ਰੀਕ੍ਰਿਸ਼ਨ ਦਾ ਨਾਮ ਨਹੀਂ ਲੈਂਦੇ ਸਨ। ਹੁਣ ਪ੍ਰਸ਼ਨ ਉੱਠਦਾ ਹੈ ਸ਼ਿਵ ਜਯੰਤੀ ਸੋ ਗੀਤਾ ਜਯੰਤੀ ਜਾਂ ਕ੍ਰਿਸ਼ਨ ਜਯੰਤੀ ਸੋ ਗੀਤਾ ਜਯੰਤੀ? ਹੁਣ ਸ਼੍ਰੀਕ੍ਰਿਸ਼ਨ ਜਯੰਤੀ ਤਾਂ ਸਤਿਯੁੱਗ ਵਿੱਚ ਕਹਾਂਗੇ। ਸ਼ਿਵ ਦੀ ਜਯੰਤੀ ਕਦੋਂ ਹੋਈ ਸੀ - ਕਿਸੇ ਨੂੰ ਪਤਾ ਨਹੀਂ। ਸ਼ਿਵ ਤਾਂ ਹਨ ਨਿਰਾਕਾਰ

ਪਰਮਪਿਤਾ ਪਰਮਾਤਮਾ, ਉਨ੍ਹਾਂ ਨੇ ਸ੍ਰਿਸ਼ਟੀ ਰਚੀ ਸੰਗਮ ਤੇ। ਸਤਿਯੁੱਗ ਵਿੱਚ ਸੀ ਸ਼੍ਰੀਕ੍ਰਿਸ਼ਨ ਦਾ ਰਾਜ। ਤਾਂ ਜਰੂਰ ਪਹਿਲਾਂ ਸ਼ਿਵ ਜਯੰਤੀ ਹੋਵੇਗੀ। ਬੱਚੇ ਜੋ ਬ੍ਰਾਹਮਣ ਕੁਲਭੂਸ਼ਨ ਸਰਵਿਸ ਵਿੱਚ ਤਿਆਰ ਰਹਿੰਦੇ ਹਨ ਉਨ੍ਹਾਂ ਨੂੰ ਇਹ ਗੱਲਾਂ ਬੁੱਧੀ ਵਿੱਚ ਲਿਆਉਣੀਆ ਹਨ ਕਿ ਭਾਰਤਵਾਸੀਆਂ ਨੂੰ ਕਿਵੇਂ ਸਿੱਧ ਕਰਕੇ ਦੱਸੀਏ ਕਿ ਸ਼ਿਵ ਜਯੰਤੀ ਸੋ ਗੀਤਾ ਜਯੰਤੀ। ਫਿਰ ਗੀਤਾ ਤੋਂ ਹੁੰਦੀ ਹੈ ਕ੍ਰਿਸ਼ਨ ਜਯੰਤੀ ਮਤਲਬ ਰਾਜਿਆਂ ਦੇ ਰਾਜੇ ਦੀ ਜਯੰਤੀ। ਕ੍ਰਿਸ਼ਨ ਹੈ ਪਾਵਨ ਦੁਨੀਆ ਦਾ ਰਾਜਾ। ਉੱਥੇ ਤੇ ਹੈ ਰਾਜਾਈ। ਉੱਥੇ ਸ੍ਰੀ ਕ੍ਰਿਸ਼ਨ ਨੇ ਜਨਮ ਲੈ ਕੇ ਗੀਤਾ ਤਾਂ ਨਹੀਂ ਗਾਈ ਅਤੇ ਸਤਿਯੁੱਗ ਵਿਚ ਮਹਾਭਾਰਤ ਲੜਾਈ ਆਦਿ ਤਾਂ ਹੋ ਨਹੀਂ ਸਕਦੀ। ਉਹ ਜਰੂਰ ਸੰਗਮ ਤੇ ਹੋਈ ਹੋਵੇਗੀ। ਤੁਸੀਂ ਬੱਚਿਆਂ ਨੇ ਚੰਗੀ ਤਰ੍ਹਾਂ ਇਨ੍ਹਾਂ ਗੱਲਾਂ ਨੂੰ ਸਮਝਾਉਣਾ ਹੈ।

ਪਾਂਡਵ ਅਤੇ ਕੌਰਵ ਸਭਾ ਮਸ਼ਹੂਰ ਹੈ। ਪਾਂਡਵ ਪਤੀ ਦਿਖਾਉਂਦੇ ਹਨ ਸ੍ਰੀ ਕ੍ਰਿਸ਼ਨ ਨੂੰ। ਸਮਝਦੇ ਹਨ ਉਸਨੇ ਸਹਿਜ਼ ਗਿਆਨ ਅਤੇ ਸਹਿਜ਼ ਰਾਜਯੋਗ ਸਿਖਾਇਆ। ਹੁਣ ਅਸਲ ਵਿੱਚ ਲੜਾਈ ਦੀ ਤਾਂ ਕੋਈ ਗੱਲ ਨਹੀਂ। ਜਿੱਤ ਪਾਂਡਵਾਂ ਦੀ ਹੋਈ ਹੈ ਜਿਨ੍ਹਾਂ ਨੂੰ ਪਰਮਾਤਮਾ ਨੇ ਸਹਿਜ਼ ਰਾਜਯੋਗ ਸਿਖਾਇਆ। ਉਹ ਹੀ 21 ਜਨਮ ਸੂਰਜਵੰਸ਼ੀ-ਚੰਦ੍ਰਵੰਸ਼ੀ ਬਣ ਗਏ। ਤਾਂ ਪਹਿਲਾਂ ਸਮਝਾਉਣਾ ਹੈ ਹਿੰਦੂ ਮਹਾਂਸਭਾ ਵਾਲਿਆਂ ਨੂੰ। ਸਭਾਵਾਂ ਤਾਂ ਹੋਰ ਵੀ ਹਨ - ਲੋਕ ਸਭਾ, ਰਾਜ ਸਭਾ। ਇਹ ਹਿੰਦੂ ਸਭਾ ਹੈ ਮੁੱਖ। ਜਿਵੇਂ ਤਿੰਨ ਸੈਨਾਵਾਂ ਗਾਈਆਂ ਹੋਈਆਂ ਹਨ ਯਾਦਵ, ਕੌਰਵ ਅਤੇ ਪਾਂਡਵ… ਅਤੇ ਇਹ ਹੋਏ ਵੀ ਹਨ ਸੰਗਮ ਤੇ। ਹੁਣ ਸਤਿਯੁੱਗ ਦੀ ਸਥਾਪਨਾ ਹੋ ਰਹੀ ਹੈ। ਸ਼੍ਰੀਕ੍ਰਿਸ਼ਨ ਦੇ ਜਨਮ ਦੀ ਤਿਆਰੀ ਹੋ ਰਹੀ ਹੈ। ਗੀਤਾ ਜਰੂਰ ਸੰਗਮ ਤੇ ਹੀ ਗਾਈ ਹੈ। ਹੁਣ ਸੰਗਮ ਤੇ ਕਿਸਨੂੰ ਲਿਆਈਏ? ਸ਼੍ਰੀਕ੍ਰਿਸ਼ਨ ਤਾਂ ਆ ਨਾ ਸਕੇ। ਉਨ੍ਹਾਂ ਨੂੰ ਕੀ ਪਈ ਹੈ ਜੋ ਪਾਵਨ ਦੁਨੀਆਂ ਨੂੰ ਛੱਡ ਪਤਿਤ ਦੁਨੀਆਂ ਵਿੱਚ ਆਉਣ ਅਤੇ ਸ਼੍ਰੀਕ੍ਰਿਸ਼ਨ ਤਾਂ ਹੈ ਵੀ ਨਹੀਂ। ਤੁਸੀਂ ਜਾਣਦੇ ਹੋ ਹੁਣ ਉਹ 84ਵੇਂ ਜਨਮ ਵਿੱਚ ਹੈ ਕਈ ਲੋਕ ਫਿਰ ਸਮਝਦੇ ਹਨ ਸ਼੍ਰੀਕ੍ਰਿਸ਼ਨ ਹਾਜ਼ਰਾਹਜ਼ੂਰ ਹੈ, ਸਰਵਵਿਆਪੀ ਹੈ। ਸ਼੍ਰੀਕ੍ਰਿਸ਼ਨ ਦੇ ਭਗਤ ਕਹਿਣਗੇ ਇਹ ਸਭ ਸ਼੍ਰੀਕ੍ਰਿਸ਼ਨ ਹੀ ਸ਼੍ਰੀਕ੍ਰਿਸ਼ਨ ਹੈ। ਸ਼੍ਰੀਕ੍ਰਿਸ਼ਨ ਨੇ ਇਹ ਰੂਪ ਧਰੇ ਹਨ। ਰਾਧੇ ਪੰਥੀ ਹੋਣਗੇ ਤਾਂ ਉਹ ਫਿਰ ਕਹਿਣਗੇ ਰਾਧੇ ਹੀ ਰਾਧੇ...ਅਸੀਂ ਵੀ ਰਾਧੇ ਤੁਸੀਂ ਵੀ ਰਾਧੇ। ਅਨੇਕ ਮੱਤਾਂ ਨਿਕਲ ਪਈਆਂ ਹਨ, ਕੋਈ ਕਹੇ ਈਸ਼ਵਰ ਸਰਵਵਿਆਪੀ, ਕੋਈ ਕਹੇ ਸ਼੍ਰੀਕ੍ਰਿਸ਼ਨ ਸਰਵਵਿਆਪੀ, ਕੋਈ ਕਹੇ ਰਾਧੇ ਸਰਵਵਿਆਪੀ। ਹੁਣ ਬਾਪ ਤੁਹਾਨੂੰ ਬੱਚਿਆਂ ਨੂੰ ਸਮਝਾਉਂਦੇ ਹਨ। ਉਹ ਬਾਪ ਵਰਲਡ ਆਲਮਾਈਟੀ ਅਥਾਰਟੀ ਹੈ ਤੇ ਹੁਣ ਤੁਸੀਂ ਬੱਚਿਆਂ ਨੂੰ ਵੀ ਅਥਾਰਟੀ ਦੇ ਰਹੇ ਹਨ ਕਿ ਕਿਵੇਂ ਇਨ੍ਹਾਂ ਸਾਰਿਆਂ ਨੂੰ ਸਮਝਾਈਏ। ਹਿੰਦੂ ਮਹਾਸਭਾ ਵਾਲਿਆਂ ਨੂੰ ਸਮਝਾਓ, ਉਹ ਇਨ੍ਹਾਂ ਗੱਲਾਂ ਨੂੰ ਸਮਝ ਸਕਣਗੇ। ਉਹ ਆਪਣੇ ਨੂੰ ਰਿਲੀਜਸ(ਧਾਰਮਿਕ) ਮਾਈਂਡ ਮੰਨਦੇ ਹਨ। ਗੌਰਮਿੰਟ ਤਾਂ ਇਨ੍ਹਾਂ ਗੱਲਾਂ ਨੂੰ ਮੰਨਦੀ ਨਹੀਂ। ਉਹ ਖ਼ੁਦ ਹੀ ਮੂੰਝ ਗਏ ਹਨ। ਸ਼ਿਵ ਪਰਮਾਤਮਾ ਹੈ ਨਿਰਾਕਾਰ ਗਿਆਨ ਸਾਗਰ ਹੋਰ ਕਿਸੇ ਨੂੰ ਗਿਆਨ ਦਾ ਸਾਗਰ ਕਹਿ ਨਹੀਂ ਸਕਦੇ। ਉਹ ਜਦੋਂ ਸਾਮਣੇ ਆਕੇ ਗਿਆਨ ਦੇਣ ਤਾਂ ਰਾਜਾਈ ਸਥਾਪਨ ਹੋਵੇ। ਫ਼ਿਰ ਤਾਂ ਬਸ ਰਾਜਾਈ ਸਥਾਪਨ ਹੋ ਗਈ ਫਿਰ ਸਾਮਣੇ ਉਦੋਂ ਆਉਣ ਜਦੋਂ ਰਾਜਾਈ ਗਵਾਓ। ਤਾਂ ਤੁਸੀਂ ਸਿੱਧ ਕਰਨਾ ਹੈ ਸ਼ਿਵ ਪਰਮਾਤਮਾ ਹੈ ਨਿਰਾਕਾਰ ਗਿਆਨ ਸਾਗਰ, ਸ਼ਿਵਜਯੰਤੀ ਸੋ ਗੀਤਾ ਜਯੰਤੀ। ਇਸ ਤੇ ਨਾਟਕ ਬਣਾਉਣੇ ਹਨ, ਜੋ ਮਨੁੱਖਾਂ ਦੀ ਬੁੱਧੀ ਵਿਚੋਂ ਸ਼੍ਰੀਕ੍ਰਿਸ਼ਨ ਦੀ ਗੱਲ ਨਿਕਲ ਜਾਵੇ। ਨਿਰਾਕਾਰ ਸ਼ਿਵ ਪਰਮਾਤਮਾ ਨੂੰ ਹੀ ਪਤਿਤ-ਪਾਵਨ ਕਿਹਾ ਜਾਂਦਾ ਹੈ। ਸ਼ਾਸਤਰ ਆਦਿ ਜੋ ਵੀ ਬਣੇ ਹਨ। ਇਹ ਸਭ ਮਨੁੱਖਾਂ ਦੀ ਮਤ ਤੇ ਮਨੁੱਖਾਂ ਨੇ ਬਣਾਏ ਹਨ। ਬਾਬਾ ਦਾ ਸ਼ਾਸਤਰ ਤਾਂ ਕੋਈ ਹੈ ਨਹੀਂ। ਬਾਪ ਕਹਿੰਦੇ ਹਨ ਮੈਂ ਸਨਮੁੱਖ ਆਕੇ ਤੁਹਾਨੂੰ ਬੱਚਿਆਂ ਨੂੰ ਬੇਗਰ ਤੋਂ ਪ੍ਰਿੰਸ ਬਣਾਉਂਦਾ ਹਾਂ ਅਤੇ ਫਿਰ ਮੈਂ ਚਲਾ ਜਾਂਦਾ ਹਾਂ। ਇਹ ਨਾਲੇਜ਼ ਮੈਂ ਹੀ ਸਨਮੁੱਖ ਸੁਣਾ ਸਕਦਾ ਹਾਂ। ਉਹ ਗੀਤਾ ਸੁਣਾਉਣ ਵਾਲੇ ਭਾਵੇਂ ਗੀਤਾ ਸੁਣਾਓਦੇ ਹਨ ਪਰ ਉੱਥੇ ਭਗਵਾਨ ਸਨਮੁੱਖ ਤਾਂ ਹੈ ਨਹੀਂ। ਕਹਿੰਦੇ ਹਨ ਗੀਤਾ ਦਾ ਭਗਵਾਨ ਸਨਮੁੱਖ ਸੀ ਜੋ ਸਵਰਗ ਬਣਾ ਕੇ ਚਲਾ ਗਿਆ। ਤਾਂ ਕੀ ਉਹ ਗੀਤਾ ਸੁਣਨ ਨਾਲ ਕੋਈ ਮਨੁੱਖ ਸਵਰਗਵਾਸੀ ਹੋ ਸਕਦਾ ਹੈ? ਮਰਦੇ ਸਮੇਂ ਵੀ ਮਨੁੱਖ ਨੂੰ ਗੀਤਾ ਸੁਣਾਉਂਦੇ ਹਨ ਹੋਰ ਕੋਈ ਸ਼ਾਸਤਰ ਨਹੀਂ ਸੁਣਾਉਂਦੇ ਹਨ। ਸਮਝਦੇ ਹਨ ਗੀਤਾ ਨਾਲ ਸਵਰਗ ਦੀ ਸਥਾਪਨਾ ਹੋਈ ਹੈ ਇਸਲਈ ਗੀਤਾ ਸੁਣਾਉਂਦੇ ਹਨ। ਤਾਂ ਉਹ ਗੀਤਾ ਇਕ ਹੋਣੀ ਚਾਹੀਦੀ ਹੈ ਨਾ। ਦੂਜੇ ਧਰਮ ਸਭ ਪਿੱਛੋਂ ਆਏ ਹਨ। ਹੋਰ ਕੋਈ ਕਹਿ ਨਹੀਂ ਸਕਦੇ ਤੁਸੀਂ ਸਵਰਗਵਾਸੀ ਬਣੋਗੇ। ਫਿਰ ਮਨੁੱਖਾਂ ਨੂੰ ਪਿਲਾਉਂਦੇ ਵੀ ਗੰਗਾਜਲ ਹਨ, ਜਮੁਨਾਜਲ ਨਹੀਂ ਪਿਲਾਉਂਦੇ। ਗੰਗਾਜਲ ਦਾ ਹੀ ਮਹੱਤਵ ਹੈ। ਬਹੁਤ ਵੈਸ਼ਨਵ ਲੋਕ ਜਾਂਦੇ ਹਨ ਮਟਕੇ ਭਰਕੇ ਲੈ ਆਉਂਦੇ ਹਨ। ਫਿਰ ਉਸ ਵਿਚੋਂ ਬੂੰਦ-ਬੂੰਦ ਪਾਕੇ ਪੀਂਦੇ ਰਹਿੰਦੇ ਹਨ ਕਿ ਸਭ ਰੋਗ ਮਿਟ ਜਾਣ। ਅਸਲ ਵਿੱਚ ਇਹ ਹੈ ਗਿਆਨ ਅੰਮ੍ਰਿਤ ਧਾਰਾ ਜਿਸਨਾਲ 21 ਜਨਮ ਦੇ ਦੁੱਖ ਮਿਟ ਜਾਂਦੇ ਹਨ। ਤੁਸੀਂ ਚੇਤੰਨ ਗਿਆਨ ਗੰਗਾਵਾਂ ਵਿੱਚ ਇਸ਼ਨਾਨ ਕਰਨ ਨਾਲ ਮਨੁੱਖ ਸਵਰਗਵਾਸੀ ਬਣ ਜਾਂਦੇ ਹਨ। ਤਾਂ ਜਰੂਰ ਪਿਛਾੜੀ ਵਿੱਚ ਗਿਆਨ ਗੰਗਾਵਾਂ ਨਿਕਲੀਆਂ ਹੋਣਗੀਆਂ। ਉਹ ਪਾਣੀ ਦੀਆਂ ਨਦੀਆਂ ਤਾਂ ਹੈ ਹੀ ਹਨ। ਇਵੇਂ ਥੋੜ੍ਹੀ ਕੋਈ ਪਾਣੀ ਪੀਣ ਨਾਲ ਦੇਵਤਾ ਬਣ ਜਾਣਗੇ। ਇੱਥੇ ਕੋਈ ਥੋੜ੍ਹਾ ਜਿਹਾ ਵੀ ਗਿਆਨ ਸੁਣਦੇ ਹਨ ਤਾਂ ਸਵਰਗ ਦੇ ਹੱਕਦਾਰ ਬਣ ਜਾਂਦੇ ਹਨ। ਇਹ ਹੈ ਗਿਆਨ ਦੇ ਸਾਗਰ ਸ਼ਿਵਬਾਬਾ ਦੀਆਂ ਗਿਆਨ ਗੰਗਾਵਾਂ। ਗਿਆਨ ਸਾਗਰ ਗੀਤਾ ਗਿਆਨ ਦਾਤਾ ਇਕ ਸ਼ਿਵ ਹੈ, ਸ਼੍ਰੀਕ੍ਰਿਸ਼ਨ ਨਹੀਂ ਹੈ। ਸਤਿਯੁੱਗ ਵਿੱਚ ਪਤਿਤ ਕੋਈ ਹੁੰਦਾ ਨਹੀਂ, ਜਿਸਨੂੰ ਗਿਆਨ ਦੇਵੇਂ। ਇਹ ਸਭ ਗੱਲਾਂ ਭਗਵਾਨ ਬੈਠ ਸਮਝਾਉਂਦੇ ਹਨ ਹੇ ਅਰਜੁਨ ਜਾਂ ਹੇ ਸੰਜੇ… ਨਾਮ ਮਸ਼ਹੂਰ ਹੋ ਗਿਆ ਹੈ। ਲਿਖਣ ਵਿੱਚ ਬਹੁਤ ਤਿੱਖਾ ਹੈ, ਨਿਮਿਤ ਬਣਿਆ ਹੋਇਆ ਹੈ। ਹੁਣ ਸ਼ਿਵਜਯੰਤੀ ਆਉਂਦੀ ਹੈ ਤਾਂ ਉਸਤੇ ਵੱਡੇ-ਵੱਡੇ ਅੱਖਰਾਂ ਨਾਲ ਲਿਖਣਾ ਹੈ। ਸ਼ਿਵ ਹੋ ਗਿਆ ਨਿਰਾਕਾਰ। ਉਨ੍ਹਾਂ ਨੂੰ ਗਿਆਨ ਸਾਗਰ ਬਲਿਸਫੁੱਲ ਕਿਹਾ ਜਾਂਦਾ ਹੈ। ਕ੍ਰਿਸ਼ਨ ਨੂੰ ਨਾਲੇਜ਼ਫੁੱਲ ਬਲਿਸਫੁੱਲ ਨਹੀਂ ਕਹਾਂਗੇ। ਸ਼ਿਵ ਪਰਮਾਤਮਾ ਹੀ ਨਾਲੇਜ਼ ਦਿੰਦੇ ਹਨ ਰਹਿਮ ਕਰਦੇ ਹਨ। ਨਾਲੇਜ਼ ਹੀ ਰਹਿਮ ਹੈ। ਮਾਸਟਰ ਰਹਿਮ ਕਰਕੇ ਪੜ੍ਹਾਉਂਦੇ ਹਨ ਤਾਂ ਬੇਰਿਸਟਰ, ਇੰਜੀਨੀਅਰ ਆਦਿ ਬਣ ਜਾਂਦੇ ਹਨ। ਸਤਿਯੁੱਗ ਵਿੱਚ ਬਲਿਸ ਦੀ ਲੋੜ ਨਹੀਂ। ਤਾਂ ਪਹਿਲੋਂ-ਪਹਿਲੇ ਸਿੱਧ ਕਰਨਾ ਹੈ ਕਿ ਨਿਰਾਕਾਰ ਗਿਆਨ ਸਾਗਰ ਸ਼ਿਵਜਯੰਤੀ ਸੋ ਗੀਤਾਜਯੰਤੀ ਜਾਂ ਸਤਿਯੁਗੀ ਸਾਕਾਰ ਸ਼੍ਰੀਕ੍ਰਿਸ਼ਨ ਜਯੰਤੀ ਸੋ ਗੀਤਾ

ਜਯੰਤੀ। ਇਹ ਹੈ ਤੁਸੀਂ ਬੱਚਿਆਂ ਨੇ ਸਿੱਧ ਕਰਨਾ।

ਤੁਸੀਂ ਜਾਣਦੇ ਹੋ ਜੋ ਵੀ ਪੈਗੰਬਰ ਆਦਿ ਆਉਂਦੇ ਹਨ ਉਹ ਪਾਵਨ ਨਹੀਂ ਬਣਾਉਂਦੇ। ਦਵਾਪਰ ਤੋਂ ਮਾਇਆ ਦਾ ਰਾਜ ਹੋਣ ਕਾਰਣ ਸਭ ਪਤਿਤ ਹੋ ਜਾਂਦੇ ਹਨ। ਫਿਰ ਜਦੋਂ ਤੰਗ ਹੁੰਦੇ ਹਨ ਤਾਂ ਚਾਹੁੰਦੇ ਹਨ ਅਸੀਂ ਜਾਈਏ। ਜੋ ਧਰਮ ਸਥਾਪਨ ਕਰਦੇ ਹਨ ਉਹ ਹੀ ਫਿਰ ਵਾਧੇ ਨੂੰ ਪਾਉਂਦੇ ਹਨ। ਪਵਿੱਤਰਤਾ ਦੇ ਬਲ ਨਾਲ ਧਰਮ ਸਥਾਪਨ ਕਰਦੇ ਹਨ ਫਿਰ ਅਪਵਿੱਤਰ ਬਣਨਾ ਹੀ ਹੈ। ਮੁੱਖ ਹਨ ਚਾਰ ਧਰਮ ਇਨ੍ਹਾਂ ਨਾਲ ਹੀ ਵਾਧਾ ਹੁੰਦਾ ਹੈ। ਡਾਲ ਡਾਲੀਆਂ ਨਿਕਲਦੀਆਂ ਹਨ। ਸ਼ਿਵਜਯੰਤੀ, ਗੀਤਾਜਯੰਤੀ ਸਿੱਧ ਹੋਣ ਨਾਲ ਹੋਰ ਸਾਰੇ ਸ਼ਾਸਤਰ ਉੱਡ ਜਾਣਗੇ ਕਿਉਂਕਿ ਉਹ ਹੈ ਮਨੁੱਖਾਂ ਦੇ ਬਣਾਏ ਹੋਏ। ਅਸਲ ਵਿੱਚ ਭਾਰਤ ਦਾ ਸ਼ਾਸਤਰ ਇਕ ਹੀ ਗੀਤਾ ਹੈ। ਮੋਸਟ ਬਿਲਵਰਡ ਬਾਪ ਕਿੰਨਾ ਸਹਿਜ਼ ਕਰਕੇ ਸਮਝਾਉਂਦੇ ਹਨ। ਉਨ੍ਹਾਂ ਦੀ ਸ੍ਰੇਸ਼ਟ ਤੋਂ ਸ੍ਰੇਸ਼ਟ ਮੱਤ ਹੈ। ਹੁਣ ਤੁਸੀਂ ਇਹ ਸਿੱਧ ਕਰਨਾ ਹੈ ਕਿ ਨਿਰਾਕਾਰ ਗਿਆਨ ਸਾਗਰ ਜਯੰਤੀ ਜਾਂ ਸਤਿਯੁਗੀ ਸਾਕਾਰ ਸ਼੍ਰੀ ਕ੍ਰਿਸ਼ਨ ਜਯੰਤੀ ਸੋ ਗੀਤਾ ਜਯੰਤੀ? ਇਸਦੇ ਲਈ ਵੱਡੀ ਕਾਨਫਰੰਸ ਬੁਲਾਉਣੀ ਪਵੇ। ਇਹ ਗੱਲ ਸਿੱਧ ਹੋ ਜਾਵੇ ਤਾਂ ਫਿਰ ਸਾਰੇ ਪੰਡਿਤ ਤੁਹਾਡੇ ਤੋਂ ਆਕੇ ਲਕਸ਼ ਲੈਣਗੇ। ਸ਼ਿਵਜਯੰਤੀ ਤੇ ਕੁੱਝ ਤੇ ਕਰਨਾ ਹੈ ਨਾ। ਹਿੰਦੂ ਮਹਾਸਭਾ ਵਾਲਿਆਂ ਨੂੰ ਸਮਝਾਓ ਉਨ੍ਹਾਂ ਦੀ ਵੱਡੀ ਸੰਸਥਾ ਹੈ। ਸਤਿਯੁੱਗ ਵਿੱਚ ਹੈ ਆਦਿ ਸਨਾਤਨ ਦੇਵੀ ਦੇਵਤਾ ਧਰਮ। ਬਾਕੀ ਸਭਾ ਆਦਿ ਕੋਈ ਨਹੀਂ। ਸਭਾਵਾਂ ਹਨ ਸੰਗਮ ਤੇ। ਪਹਿਲੇ-ਪਹਿਲੇ ਤਾਂ ਸਿੱਧ ਕਰਨਾ ਹੈ ਅਸਲ ਵਿੱਚ ਆਦਿ ਸਨਾਤਨ ਸਭਾ ਹੈ ਬ੍ਰਾਹਮਣਾ ਦੀ, ਪਾਂਡਵਾਂ ਦੀ। ਪਾਂਡਵਾਂ ਨੇ ਹੀ ਜਿੱਤ ਪਾਈ ਜੋ ਫਿਰ ਸਵਰਗਵਾਸੀ ਹੋਏ। ਹੁਣ ਤਾਂ ਕੋਈ ਆਦਿ ਸਨਾਤਨ ਬ੍ਰਾਹਮਣਾ ਦੀ ਸਭਾ ਕਹਿ ਨਾ ਸਕੇ। ਦੇਵਤਿਆਂ ਦੀ ਸਭਾ ਨਹੀਂ ਕਹਾਂਗੇ ਉਹ ਹੈ ਸਾਵਰੰਟੀ। ਕਲਪ ਦੇ ਸੰਗਮ ਤੇ ਇਹ ਸਭਾਵਾਂ ਸਨ। ਉਨ੍ਹਾਂ ਵਿੱਚ ਇਕ ਸੀ ਪਾਂਡਵ ਸਭਾ, ਜਿਸਨੂੰ ਆਦਿ ਸਨਾਤਨ ਬ੍ਰਾਹਮਣਾ ਦੀ ਸਭਾ ਕਹਾਂਗੇ। ਇਹ ਕੋਈ ਨਹੀਂ ਜਾਣਦੇ। ਸ਼੍ਰੀਕ੍ਰਿਸ਼ਨ ਦੇ ਨਾਮ ਤੇ ਬ੍ਰਾਹਮਣ ਹੈ ਨਹੀਂ। ਬ੍ਰਾਹਮਣਾ ਦੀ ਚੋਟੀ ਬ੍ਰਹਮਾ ਦੇ ਨਾਮ ਤੇ ਹੈ। ਬ੍ਰਹਮਾ ਦੇ ਨਾਮ ਨਾਲ ਤੁਸੀਂ ਬ੍ਰਾਹਮਣ ਸਭਾ ਕਹੋਗੇ। ਇਹ ਗੱਲਾਂ ਸਮਝਾਉਣ ਵਾਲਾ ਵੀ ਬੁੱਧੀਮਾਨ ਚਾਹੀਦਾ ਹੈ। ਇਸ ਵਿੱਚ ਗਿਆਨ ਦੀ ਪ੍ਰਕਾਸ਼ਠਾ ਚਾਹੀਦੀ ਹੈ। ਨਿਰਾਕਾਰ ਸ਼ਿਵ ਹੀ ਗੀਤਾ ਗਿਆਨ ਦਾਤਾ ਦਿਵਿਆ ਚਕਸ਼ੂ ਵਿਧਾਤਾ ਹੈ। ਇਹ ਸਭ ਧਾਰਨ ਕਰਕੇ ਫਿਰ ਕਾਨਫਰੰਸ ਬੁਲਾਉਂਦੇ ਹਨ, ਜੋ ਸਮਝਦੇ ਹਨ ਅਸੀਂ ਸਿੱਧ ਕਰ ਦਸ ਸਕਾਂਗੇ ਉਨ੍ਹਾਂ ਨੂੰ ਆਪਸ ਵਿੱਚ ਮਿਲਣਾ ਚਾਹੀਦਾ ਹੈ। ਲੜਾਈ ਦੇ ਮੈਦਾਨ ਵਿੱਚ ਮੇਜ਼ਰ, ਕਮਾਂਡਰ ਆਦਿ ਦੀ ਵੀ ਸਭਾ ਹੁੰਦੀ ਹੈ। ਇੱਥੇ ਕਮਾਂਡਰ ਮਹਾਰਥੀ ਨੂੰ ਕਿਹਾ ਜਾਂਦਾ ਹੈ। ਬਾਬਾ ਕ੍ਰਿਏਟਰ, ਡਾਇਰੈਕਟਰ ਹਨ, ਸਵਰਗ ਦੀ ਰਚਨਾ ਕਰਦੇ ਹਨ ਫਿਰ ਡਾਇਰੈਕਸ਼ਨ ਦਿੰਦੇ ਹਨ - ਮਹਾਸਭਾ ਬਣਾਓ ਫਿਰ ਇਸ ਗੱਲ ਨੂੰ ਚੁੱਕੋ। ਗੀਤਾ ਦਾ ਭਗਵਾਨ ਸਿੱਧ ਹੋਣ ਨਾਲ ਫਿਰ ਸਾਰੇ ਸਮਝਣਗੇ ਕਿ ਉਨ੍ਹਾਂ ਨਾਲ ਯੋਗ ਲਗਾਉਣਾ ਚਾਹੀਦਾ ਹੈ। ਬਾਬਾ ਕਹਿੰਦੇ ਹਨ ਕਿ ਮੈਂ ਗਾਈਡ ਬਣ ਕੇ ਆਇਆ ਹਾਂ, ਤੁਸੀਂ ਉੱਡਣ ਦੇ ਕਾਬਿਲ ਤਾਂ ਬਣੋ। ਮਾਇਆ ਨੇ ਖੰਭ ਤੋੜ ਦਿੱਤੇ ਹਨ। ਯੋਗ ਲਗਾਉਣ ਨਾਲ ਤੁਹਾਡੀ ਆਤਮਾ ਪਵਿੱਤਰ ਹੋ ਜਾਵੇਗੀ ਅਤੇ ਉੱਡੋਗੇ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਗਿਆਨ ਅਮ੍ਰਿਤਧਾਰਾ ਨਾਲ ਸਭ ਨੂੰ ਨਿਰੋਗੀ ਅਤੇ ਸਵਰਗਵਾਸੀ ਬਣਾਉਣ ਦੀ ਸੇਵਾ ਕਰਨੀ ਹੈ। ਮਨੁੱਖਾਂ ਤੋਂ ਦੇਵਤਾ ਬਣਾਉਣਾ ਹੈ। ਬਾਪ ਸਮਾਨ ਮਾਸਟਰ ਰਹਿਮਦਿਲ ਬਣਨਾ ਹੈ।

**2.** ਗਿਆਨ ਦੀ ਪ੍ਰਕਾਸ਼ਠਾ ਅਨੁਸਾਰ ਬੁੱਧੀਮਾਨ ਬਣ ਸ਼ਿਵਜਯੰਤੀ ਤੇ ਸਿੱਧ ਕਰਨਾ ਹੈ ਕਿ ਸ਼ਿਵਜਯੰਤੀ ਹੀ ਗੀਤਾਜਯੰਤੀ ਹੈ, ਗੀਤਾ ਗਿਆਨ ਨਾਲ ਹੀ ਸ਼੍ਰੀਕ੍ਰਿਸ਼ਨ ਦਾ ਜਨਮ ਹੁੰਦਾ ਹੈ।

ਵਰਦਾਨ:- ਦਿਨਚਰਿਆ ਦੇ ਹਰ ਕਰਮ ਵਿੱਚ ਅਤੇ ਸਹੀ ਅਤੇ ਯੁਕਤੀਯੁਕਤ ਚਲਣ ਵਾਲੇ ਪੂਜਯ, ਪਵਿੱਤਰ ਆਤਮਾ ਭਵ

ਪੂਜਯ ਅਤੇ ਪਵਿੱਤਰ ਆਤਮਾ ਦੀ ਨਿਸ਼ਾਨੀ ਹੈ - ਉਹਨਾਂ ਦਾ ਹਰ ਸੰਕਲਪ, ਬੋਲ, ਕਰਮ ਅਤੇ ਸੁਪਨੇ ਠੀਕ ਮਤਲਬ ਯੁਕਤੀਯੁਕਤ ਹੋਣਗੇ। ਹਰ ਸੰਕਲਪ ਵਿੱਚ ਅਰਥ ਹੋਵੇਗਾ। ਇਵੇਂ ਨਹੀਂ ਕਿ ਇੰਜ ਹੀ ਬੋਲ ਦਿੱਤਾ, ਨਿਕਲ ਗਿਆ, ਕਰ ਲਿਆ, ਹੋ ਗਿਆ। ਪਵਿੱਤਰ ਆਤਮਾ ਸਦਾ ਦਿਨਚਰਿਯਾ ਦੇ ਹਰ ਕਰਮ ਵਿੱਚ ਸਹੀ, ਯੁਕਤੀਯੁਕਤ ਰਹਿੰਦੀ ਹੈ ਇਸਲਈ ਪੂਜਾ ਵੀ ਉਹਨਾਂ ਦੇ ਹਰ ਕਰਮ ਦੀ ਹੁੰਦੀ ਹੈ। ਮਤਲਬ ਪੂਰੇ ਦਿਨਚਰਯਾ ਦੀ ਹੁੰਦੀ ਹੈ। ਉੱਠਣ ਤੋਂ ਲੈਕੇ ਸੌਣ ਤੱਕ ਭਿੰਨ -ਭਿੰਨ ਕਰਮ ਦੇ ਦਰਸ਼ਨ ਹੁੰਦੇ ਹਨ।

ਸਲੋਗਨ:- ਸੂਰਜਵੰਸ਼ੀ ਬਣਨਾ ਹੈ ਤਾਂ ਸਦਾ ਵਿਜਯੀ ਅਤੇ ਇਕਰਸ ਬਣੋ।

******